## ਮੌਜੂਦਾ ਅਤੇ ਯੋਜਨਾਬੱਧ ਉਪਾਅ
## ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਬਾਰੇ

## ਗ੍ਰਹਿ ਮਾਮਲਾ ਵਿਭਾਗ

ਗ੍ਰਹਿ ਮਾਮਲਾ ਵਿਭਾਗ ("HAD") ਦੀਆਂ ਮੁੱਖ ਭੂਮਿਕਾਵਾਂ ਵਿੱਚੋਂ ਇੱਕ ਮੁੱਖ ਭੂਮਿਕਾ ਸਰਕਾਰ ਅਤੇ ਜਨਤਾ ਵਿਚਕਾਰ ਸੰਚਾਰ ਨੂੰ ਵਧਾਉਣਾ ਹੈ। ਇਸ ਸਬੰਧ ਵਿੱਚ, HAD ਨੀਤੀਆਂ ਬਣਾਉਣ ਵਿੱਚ ਸਰਕਾਰ ਦੀ ਸਹਾਇਤਾ ਕਰਨ ਅਤੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਵਿਭਾਗਾਂ ਦੇ ਕੰਮਾਂ ਵਿੱਚ ਤਾਲਮੇਲ ਕਰਨ ਦੇ ਉਦੇਸ਼ ਨਾਲ ਭਾਈਚਾਰੇ ਦੀਆਂ ਇੱਛਾਵਾਂ ਨੂੰ ਸਮਝਣ ਅਤੇ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ।

ਵੱਖ-ਵੱਖ ਨਸਲਾਂ ਦੇ ਵਿਅਕਤੀਆਂ ਨੂੰ ਵਿਭਾਗ ਦੁਆਰਾ ਪ੍ਰਦਾਨ ਕੀਤੀ ਜਾਂਦੀ ਸਰਕਾਰੀ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਦੇ ਯੋਗ ਬਣਾਉਣ ਨੂੰ ਬਹੁਤ ਮਹੱਤਵ ਦਿੰਦਾ ਹੈ। ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਅਤੇ ਵੱਖ-ਵੱਖ ਨਸਲਾਂ ਦੇ ਵਿਅਕਤੀਆਂ ਲਈ ਸਾਡੀਆਂ ਭਾਈਚਾਰਕ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਨ ਲਈ ਉਪਾਅ ਕੀਤੇ ਗਏ ਹਨ।

### A. <u>ਜਨਤਕ ਪੁੱਛਗਿੱਛ ਸੇਵਾ</u>

| | |
|---|---|
| ਸਬੰਧਤ ਸੇਵਾਵਾਂ | • ਲੋਕ 18 ਜ਼ਿਲ੍ਹਾ ਦਫ਼ਤਰਾਂ ਦੇ ਗ੍ਰਹਿ ਮਾਮਲਾ ਪੁੱਛਗਿੱਛ ਕੇਂਦਰਾਂ (“ਪੁੱਛਗਿੱਛ ਕੇਂਦਰ”) ਤੋਂ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਜਨਤਕ ਪੁੱਛਗਿੱਛ ਸੇਵਾ ਜਨਤਾ ਤੱਕ ਉਨ੍ਹਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਆਸਾਨੀ ਨਾਲ ਪਹੁੰਚਯੋਗ ਹੈ, ਸੇਵਾ ਪ੍ਰਦਾਨ ਕਰਨ ਵਿੱਚ ਭਾਸ਼ਾ ਦੀ ਰੁਕਾਵਟ ਨੂੰ ਦੂਰ ਕਰਨ ਲਈ ਉਪਾਅ ਕੀਤੇ ਗਏ ਹਨ। |
| ਮੌਜੂਦਾ ਉਪਾਅ | • ਵੱਖ-ਵੱਖ ਨਸਲਾਂ ਦੀਆਂ ਭਾਸ਼ਾਵਾਂ ਵਿੱਚ ਜਾਣਕਾਰੀ ਕਿਤਾਬਚੇ ਅਤੇ ਪੈਂਫਲੈਟ ਉਪਲਬਧ ਕਰਵਾਏ ਜਾਣਗੇ ਅਤੇ ਪੁੱਛਗਿੱਛ ਕੇਂਦਰਾਂ ਵਿੱਚ ਪ੍ਰਮੁੱਖ ਤੌਰ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ। |
| | • ਜਦੋਂ ਵੱਖ-ਵੱਖ ਨਸਲਾਂ ਦੇ ਸੇਵਾ ਉਪਭੋਗਤਾ ਕਾਨੂੰਨੀ ਵਕੀਲ ਸੇਵਾ ਦੁਆਰਾ ਪ੍ਰਸ਼ਾਸਿਤ ਮੁਫਤ ਕਾਨੂੰਨੀ ਸਲਾਹ ਸਕੀਮ ਤਹਿਤ ਮੁਫਤ |

ਕਾਨੂੰਨੀ ਸਲਾਹ ਲੈਂਦੇ ਹਨ ਤਾਂ ਜਿੱਥੇ ਜ਼ਰੂਰਤ ਹੋਵੇ ਅਤੇ ਉਚਿਤ ਹੋਵੇ ਉਥੇ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਵੱਖ-ਵੱਖ ਨਸਲਾਂ ਦੇ ਸੇਵਾ ਉਪਭੋਗਤਾਵਾਂ ਵੱਲੋਂ ਸੁਧਾਰ ਲਈ ਸੁਝਾਵਾਂ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਉਨ੍ਹਾਂ ‘ਤੇ ਵਿਚਾਰ ਕੀਤਾ ਜਾਵੇਗਾ।
- ਵਿਆਖਿਆ ਸੇਵਾ ਦੀ ਪ੍ਰਭਾਵਸ਼ੀਲਤਾ ਬਾਰੇ ਫੀਡਬੈਕ ਦੀ ਸਮੀਖਿਆ ਅਤੇ ਸੁਧਾਰ ਲਈ ਵੱਖ-ਵੱਖ ਨਸਲਾਂ ਦੇ ਸੇਵਾ ਉਪਭੋਗਤਾਵਾਂ ਤੋਂ ਇਕੱਤਰ ਕੀਤਾ ਜਾਵੇਗਾ।

## B. ਨਿੱਜੀ ਵਰਤੋਂ ਲਈ ਘੋਸ਼ਣਾ/ਸਹੁੰ ਚੁੱਕਣ ਦਾ ਪ੍ਰਬੰਧ

ਸਬੰਧਤ ਸੇਵਾਵਾਂ

- ਜਨਤਾ ਨਿੱਜੀ ਵਰਤੋਂ ਲਈ ਸਾਡੇ ਪੁੱਛਗਿੱਛ ਕੇਂਦਰਾਂ ਵਿੱਚ ਪ੍ਰਦਾਨ ਕੀਤੀਆਂ ਹਾਂਗਕਾਂਗ ਦੀਆਂ ਦੋ ਦਫਤਰੀ ਭਾਸ਼ਾਵਾਂ (ਭਾਵ ਚੀਨੀ ਅਤੇ ਅੰਗਰੇਜ਼ੀ) ਵਿੱਚੋਂ ਕਿਸੇ ਇੱਕ ਵਿੱਚ ਘੋਸ਼ਣਾ/ਸਹੁੰ ਚੁੱਕਣ (ਸਹੁੰ ਦੇ ਬਦਲੇ ਪੁਸ਼ਟੀਕਰਣ ਸਮੇਤ) ਦੇ ਮੁਫਤ ਪ੍ਰਬੰਧ ਸੇਵਾ ਦੀ ਵਰਤੋਂ ਕਰ ਸਕਦੀ ਹੈ।

ਮੌਜੂਦਾ ਉਪਾਅ

- ਜੇ ਵੱਖ-ਵੱਖ ਨਸਲਾਂ ਦਾ ਸੇਵਾ ਉਪਭੋਗਤਾ ਦਫਤਰੀ ਭਾਸ਼ਾਵਾਂ ਤੋਂ ਜਾਣੂ ਨਹੀਂ ਹੈ, ਤਾਂ ਪੁੱਛਗਿੱਛ ਕੇਂਦਰ ਦਾ ਸਟਾਫ਼ ਉਸ ਲਈ ਵਿਆਖਿਆ ਸੇਵਾ ਦਾ ਪ੍ਰਬੰਧ ਕਰੇਗਾ।
- ਵੱਖ-ਵੱਖ ਨਸਲਾਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਘੋਸ਼ਣਾ/ਸਹੁੰ ਸੇਵਾ ਬਾਰੇ ਜਾਣਕਾਰੀ ਦੇ ਕਿਤਾਬਚੇ ਪੁੱਛਗਿੱਛ ਕੇਂਦਰਾਂ ਵਿੱਚ ਉਪਲਬਧ ਹੋਣਗੇ ਅਤੇ ਪ੍ਰਮੁੱਖ ਤੌਰ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਪੁੱਛਗਿੱਛ ਕੇਂਦਰ ਦਾ ਸਟਾਫ਼ ਸਰਵੇਖਣ ਦੁਆਰਾ ਵੱਖ-ਵੱਖ ਨਸਲਾਂ ਦੇ ਸੇਵਾ ਉਪਭੋਗਤਾਵਾਂ ਦੇ ਵਿਚਾਰਾਂ ਦਾ ਪਤਾ ਲਗਾਏਗਾ ਤਾਂ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਜਾ ਸਕੇ ਅਤੇ ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇ ਉੱਥੇ ਸੁਧਾਰ ਕੀਤਾ ਜਾ ਸਕੇ।

## C. <u>ਸੰਪੱਤੀ ਲਾਭਪਾਤਰੀ ਸਹਾਇਤਾ ਸੇਵਾਵਾਂ</u>

ਸਬੰਧਤ ਸੇਵਾਵਾਂ

- HAD ਦੀ <u>ਸੰਪੱਤੀ</u> ਲਾਭਪਾਤਰੀ ਸਹਾਇਤਾ ਯੂਨਿਟ ("EBSU") ਕਿਸੇ ਵਿਅਕਤੀ ਜਿਸਦੀ 11 ਫਰਵਰੀ 2006 ਨੂੰ ਜਾਂ ਇਸ ਤੋਂ ਬਾਅਦ ਮੌਤ ਹੋ ਗਈ ਸੀ ਦੀ ਜਾਇਦਾਦ ਦੇ ਲਾਭਪਾਤਰੀਆਂ ਲਈ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ, ਜੋ ਕਿ ਪ੍ਰੋਬੇਟ ਐਂਡ ਐਡਮਿਨਿਸਟ੍ਰੇਸ਼ਨ ਆਰਡੀਨੈਂਸ (ਕੈਪ.10) ਦੇ ਸੈਕਸ਼ਨ 60B, 60C, 60D, 60E, 60F, 60G ਅਤੇ 60K ਵਿੱਚ ਨਿਰਧਾਰਤ ਕੀਤਾ ਗਿਆ ਹੈ, ਜਿਸ ਵਿੱਚ ਮੁੱਖ ਤੌਰ 'ਤੇ HK$50,000 ਤੋਂ ਵੱਧ ਨਾ ਹੋਣ ਵਾਲੀ ਛੋਟੀ ਜਾਇਦਾਦ ਦੇ ਪ੍ਰਬੰਧਨ ਲਈ **ਪੁਸ਼ਟੀਕਰਣ ਨੋਟਿਸ** ਅਤੇ **ਬੈਂਕ ਡਿਪਾਜ਼ਿਟ ਬਾਕਸ ਦੀ ਨਿਰੀਖਣ ਦੀ ਲੋੜ ਲਈ ਸਰਟੀਫਿਕੇਟ** ਸ਼ਾਮਿਲ ਹੁੰਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਜਾਇਦਾਦ ਲਾਭਪਾਤਰੀ ਸਹਾਇਤਾ ਸੇਵਾਵਾਂ ਨੂੰ ਜਨਤਾ ਤੱਕ ਉਨ੍ਹਾਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਆਸਾਨੀ ਨਾਲ ਪਹੁੰਚਯੋਗ ਹੋ ਸਕਦੀਆਂ ਹਨ, ਸੇਵਾ ਪ੍ਰਦਾਨ ਕਰਨ ਵਿੱਚ ਭਾਸ਼ਾ ਦੀ ਰੁਕਾਵਟ ਨੂੰ ਦੂਰ ਕਰਨ ਲਈ ਉਪਾਅ ਕੀਤੇ ਗਏ ਹਨ।

ਮੌਜੂਦਾ ਉਪਾਅ

- ਵੱਖ-ਵੱਖ ਨਸਲਾਂ ਦੇ ਸੇਵਾ ਲੋੜਵੰਦਾਂ ਵਾਲਿਆਂ ਜੋ ਦਫਤਰੀ ਭਾਸ਼ਾਵਾਂ ਤੋਂ ਜਾਣੂ ਨਹੀਂ ਹਨ ਲਈ ਵਿਆਖਿਆ ਸੇਵਾ ਦਾ ਪ੍ਰਬੰਧ ਕੀਤਾ ਜਾਵੇਗਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਵੱਖ-ਵੱਖ ਨਸਲਾਂ ਦੇ ਉਪਭੋਗਤਾਵਾਂ ਵੱਲੋਂ ਸੁਧਾਰ ਲਈ ਸੁਝਾਵਾਂ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਉਨ੍ਹਾਂ ‘ਤੇ ਵਿਚਾਰ ਕੀਤਾ ਜਾਵੇਗਾ।
- EBSU ਸਟਾਫ਼ ਸਰਵੇਖਣ ਦੁਆਰਾ ਵੱਖ-ਵੱਖ ਨਸਲਾਂ ਦੇ ਉਪਭੋਗਤਾਵਾਂ ਦੇ ਵਿਚਾਰਾਂ ਦਾ ਪਤਾ ਲਗਾਏਗਾ ਤਾਂ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਜਾ ਸਕੇ ਅਤੇ ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇ ਉੱਥੇ ਸੁਧਾਰ ਕੀਤਾ ਜਾ ਸਕੇ।

ਕੀਤੇ ਜਾਣ ਵਾਲੇ ਵਾਧੂ ਉਪਾਅ

- ਵੱਖ-ਵੱਖ ਨਸਲਾਂ ਦੀਆਂ ਪ੍ਰਮੁੱਖ ਭਾਸ਼ਾਵਾਂ ਵਿੱਚ ਜਾਣਕਾਰੀ ਦੇ ਪਰਚੇ ਅਤੇ ਪੈਂਫਲੇਟ ਆਨਲਾਈਨ ਉਪਲਬਧ ਕਰਵਾਏ ਜਾਣਗੇ ਅਤੇ EBSU ਦੇ

ਸੇਵਾ ਕਾਊਂਟਰਾਂ ‘ਤੇ ਪ੍ਰਦਰਸ਼ਿਤ ਕੀਤੇ ਜਾਣਗੇ।

**D. ਸਟਾਫ ਲਈ ਸਿਖਲਾਈ**

| | |
|---|---|
| ਸਬੰਧਤ ਸੇਵਾਵਾਂ | • HAD ਸਟਾਫ ਦੀ ਨਸਲੀ ਸੰਵੇਦਨਸ਼ੀਲਤਾ ਬਾਰੇ ਜਾਗਰੂਕਤਾ ਅਤੇ ਉਨ੍ਹਾਂ ਦੀ ਨਸਲੀ ਵਿਤਕਰੇ ਸੰਬੰਧੀ ਆਰਡੀਨੈਂਸ ਬਾਰੇ ਸਮਝ ਨੂੰ ਵਧਾਉਣ ਲਈ। |
| ਮੌਜੂਦਾ ਉਪਾਅ | • HAD ਸਟਾਫ ਨੂੰ ਸਿਖਲਾਈ ਮੁਹੱਈਆ ਕਰਵਾਉਣ ਲਈ ਬਰਾਬਰ ਮੌਕੇ ਕਮਿਸ਼ਨ, ਸਿਵਲ ਸਰਵਿਸ ਕਾਲਜ ਜਾਂ ਸਬੰਧਤ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਨਾ ਜਾਰੀ ਰੱਖੇਗਾ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਿਖਲਾਈ ਸਮੱਗਰੀ ਦੇ ਵਿਸ਼ੇ ਨੂੰ ਵਧੀਆ ਬਣਾਉਣ ਦੇ ਨਜ਼ਰੀਏ ਨਾਲ ਸਟਾਫ ਤੋਂ ਫੀਡਬੈਕ ਪ੍ਰਾਪਤ ਕੀਤਾ ਜਾਵੇਗਾ। |

**E. ਪੁੱਛਗਿੱਛ**

ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਬਾਰੇ HAD ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ ਸੰਪਰਕ ਕਰ ਸਕਦੇ ਹੋ

- ਜਨਤਕ ਪੁੱਛਗਿੱਛ ਸੇਵਾ ਅਤੇ ਨਿੱਜੀ ਵਰਤੋਂ ਲਈ ਘੋਸ਼ਣਾ/ਸਹੁੰ ਚੁੱਕਣ ਦਾ ਪ੍ਰਬੰਧ

| | |
|---|---|
| ਨਾਮ: | ਮਿਸ ਕੇਟੀ ਲਿਊਂਗ (Ms. Katie LEUNG) |
| ਅਹੁਦਾ: | ਕਾਰਜਕਾਰੀ ਅਧਿਕਾਰੀ (ਜਨਤਕ ਪੁੱਛਗਿੱਛ ਸੇਵਾ) |
| ਟੈਲੀਫ਼ੋਨ ਨੰਬਰ: | 2835 2500 |
| ਫੈਕਸ ਨੰਬਰ: | 2834 3377 |
| ਈਮੇਲ: | hadgen@had.gov.hk |
| ਡਾਕ ਲਈ ਪਤਾ: | 29/F, Southorn Centre, 130 Hennessy Road, Wan Chai, |

Hong Kong

- ਸੰਪੱਤੀ ਲਾਭਪਾਤਰੀ ਸਹਾਇਤਾ ਸੇਵਾਵਾਂ

| | |
|---|---|
| ਨਾਮ: | ਮਿਸ ਐਲਸੀ ਵਾਨ (Ms. Elsie WAN) |
| ਅਹੁਦਾ: | ਸੀਨੀਅਰ ਕਲੈਰੀਕਲ ਅਫਸਰ (ਸੰਪੱਤੀ ਲਾਭਪਾਤਰੀ) 2 |
| ਟੈਲੀਫ਼ੋਨ ਨੰਬਰ: | 2835 1535 |
| ਫੈਕਸ ਨੰਬਰ: | 2122 9497 |
| ਈਮੇਲ: | ebsu@had.gov.hk |
| ਡਾਕ ਲਈ ਪਤਾ: | 3/F, Southorn Centre, 130 Hennessy Road, Wan Chai, Hong Kong |

**ਗ੍ਰਹਿ ਮਾਮਲਾ ਵਿਭਾਗ**
**ਮਈ 2024**